**Exam. Code : 105403**
**Subject Code : 1378**

**Bachelor in Business Administration (BBA) 3rd Sem.**
**(Batch 2020-23)**

**MUDHLI PUNJABI**

**(In Lieu of Compulsory Punjabi)**

**Paper–BBA–302 (ii)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ–ੳ**

1. ਹੇਠ ਲਿਖਿਆ ਪੈਰ੍ਹਾ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਜਦੋਂ ਕਿਸੇ ਅਣਚਾਹੀ ਚੀਜ਼ ਦੀ ਅਵਾਜ਼, ਇੱਕ ਨਿਸ਼ਚਿਤ ਸਮੇਂ ਤੋਂ ਜ਼ਿਆਦਾ ਦੇਰ ਤਕ ਆਉਂਦੀ ਰਹੇ ਤਾਂ ਇਸ ਨੂੰ ਸ਼ੋਰ ਸਮਝਿਆ ਜਾਂਦਾ ਹੈ। ਇਹ ਸਭ ਕੁੱਝ ਆਦਮੀ ਦੀ ਦਸ਼ਾ ਤੇ ਨਿਰਭਰ ਕਰਦਾ ਹੈ। ਉਦਾਹਰਣ ਦੇ ਤੌਰ ਤੇ ਇੱਕ ਰੋਗੀ ਨੂੰ ਸ਼ਾਤਮਈ ਮਾਹੌਲ ਦੀ ਜ਼ਰੂਰਤ ਹੈ ਅਤੇ ਇੱਕ ਵਿਦਿਆਰਥੀ ਪੜ੍ਹਾਈ ਵਿੱਚ ਆਪਣੀ ਇਕਾਗਰਤਾ ਬਣਾਈ ਰੱਖਣ ਲਈ ਕੋਈ ਅਵਾਜ਼ ਨਹੀਂ ਚਾਹੁੰਦਾ, ਜਿਹੜੀ ਉਸ ਦੇ ਧਿਆਨ ਨੂੰ ਪੜ੍ਹਾਈ ਵਲੋਂ ਹਟਾਏ। ਸੰਗੀਤ ਦੀ ਧੀਮੀ ਅਵਾਜ਼ ਦਾ ਲੰਮੇ ਸਮੇਂ ਲਈ ਆਨੰਦ ਮਾਣਿਆ ਜਾ ਸਕਦਾ ਹੈ। ਪਰੰਤੂ ਜੇਕਰ ਇਹ ਅਵਾਜ਼ ਬਹੁਤ ਉੱਚੀ ਹੈ ਤਾਂ ਇਸ ਨੂੰ ਕੇਵਲ ਥੋੜ੍ਹੇ ਸਮੇਂ ਤਕ ਸੁਣ ਕੇ ਆਨੰਦ ਮਾਣਿਆ ਜਾ ਸਕਦਾ ਹੈ। ਲੰਮੇ ਸਮੇਂ ਲਈ ਉੱਚੀ ਅਵਾਜ਼ ਵਿੱਚ ਸੰਗੀਤ ਦੇ ਵਿਸਫੋਟ ਨਾਲ ਥਕਾਵਟ ਮਹਿਸੂਸ ਹੋਵੇਗੀ ਅਤੇ ਇਸ ਅਵਾਜ਼ ਨੂੰ ਸ਼ੋਰ ਸਮਝਿਆ ਜਾਵੇਗਾ।

(ੳ) ਇੱਕ ਰੋਗੀ ਨੂੰ ਕਿਹੋ ਜਿਹੇ ਮਾਹੌਲ ਦੀ ਲੋੜ ਪੈਂਦੀ ਹੈ ?
(ਅ) ਸੰਗੀਤ ਦੀ ਕਿਹੋ ਜਿਹੀ ਅਵਾਜ਼ ਚੰਗੀ ਲਗਦੀ ਹੈ ?
(ੲ) ਉੱਚੀ ਅਵਾਜ਼ ਦੇ ਸੰਗੀਤ ਦਾ ਕਿਹੋ ਜਿਹਾ ਪ੍ਰਭਾਵ ਪੈਂਦਾ ਹੈ ?
(ਸ) ਸ਼ੋਰ ਨੂੰ ਕਿਵੇਂ ਪਰਿਭਾਸ਼ਿਤ ਕਰੋਗੇ ?
(ਹ) ਲਕੀਰੇ ਸ਼ਬਦਾਂ ਦੇ ਅਰਥ ਦੱਸੋ।

2. ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਅਨੁਵਾਦ ਕਰੋ :

Guru Amar Das Ji introduced the commonality of eating in Sikh congregations, in the form of common kitchen. Everybody, rich or poor, high or low in caste hierarchy, was commended, when he came to see. The Guru Sahib or to attend a communal gathering, to eat by seating himself on the floor in a row with other devotees. It is said that even the Emperor Akbar, when he came once to see the Guru Sahib was pleased to eat in this manner.

**ਭਾਗ–ਅ**

3. 'ਸ਼ੇਰ ਪੰਜਾਬੀ ਦੀ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।
4. 'ਬਿਰਹੋਂ ਦੀ ਰੜਕ' ਕਵਿਤਾ ਦਾ ਸਾਰ ਲਿਖੋ।

**ਭਾਗ–ੲ**

5. 'ਦੁੱਧ ਦਾ ਛੱਪੜ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।
6. 'ਉਹ ਸੋਚਦੀ'' ਕਹਾਣੀ ਦਾ ਸਾਰ ਲਿਖੋ।

**ਭਾਗ–ਸ**

7. 'ਖ਼ੁਸ਼ਾਮਦੀ ਨਾਲ' ਨਿਬੰਧ ਦਾ ਵਿਸ਼ਾ-ਵਸਤੂ ਲਿਖੋ।
8. 'ਆਓ, ਗੱਲਾਂ ਕਰੀਏ' ਨਿਬੰਧ ਦਾ ਸਾਰ ਲਿਖੋ।